

# ਉਪਭੋਗਤਾ ਗਾਈਡ

## ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਤੋਂ ਪੁੱਛੇ ਜਾਣ ਵਾਲੇ ਸਵਾਲ

CICC
College of Immigration
and Citizenship Consultants

CCIC
Collège des consultants en
immigration et en citoyenneté

TM/MC

ਉਪਭੋਗਤਾ ਗਾਈਡ – ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਤੋਂ ਪੁੱਛੇ ਜਾਣ ਲਈ ਸਵਾਲ

© 2022
ਕਾਲਜ ਆਫ਼ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸਲਾਹਕਾਰ
www.college-ic.ca

**ਮੁੱਖ ਦਫ਼ਤਰ**
1002-5500 North Service Road
Burlington, ON L7L 6W6, Canada

# ਕੀ ਤੁਸੀਂ ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਦੀਆਂ ਸੇਵਾਵਾਂ ਲੈਣ ਬਾਰੇ ਸੋਚ ਰਹੇ ਹੋ?

ਤੁਸੀਂ ਬਹਿਤਰ ਭਵਿੱਖ ਵੱਲ ਜਾਣ ਦਾ ਫੈਸਲਾ ਕੀਤਾ ਹੈ।
ਤੁਸੀਂ ਇਮੀਗ੍ਰੇਸ਼ਨ ਸਲਾਹ ਲਈ ਕਿਸੇ ਸਲਾਹਕਾਰ ਕੋਲ ਜਾਣ ਦੀ ਯੋਜਨਾ ਬਣਾ ਰਹੇ ਹੋ।



# ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

ਕੋਈ ਵੀ ਇਮੀਗ੍ਰੇਸ਼ਨ ਸਲਾਹਕਾਰ ਜੋ ਕੈਨੇਡੀਅਨ ਇਮੀਗ੍ਰੇਸ਼ਨ ਜਾਂ ਨਾਗਰਕਿਤਾ ਸੇਵਾਵਾਂ ਪ੍ਰਦਾਨ ਕਰਦਾ ਹੈ, ਭਾਵੇਂ ਉਹ ਘਰੇਲੂ ਹੋਣ ਜਾਂ ਵਦਿੇਸ਼ੀ, **ਕਾਲਜ ਆਫ਼ ਇਮੀਗ੍ਰੇਸ਼ਨ ਅਤੇ ਸਟਿੀਜ਼ਨਸ਼ਪਿ ਸਲਾਹਕਾਰ** (ਕਾਲਜ) ਦੁਆਰਾ ਲਾਇਸੰਸਸ਼ੁਦਾ ਹੋਣਾ ਚਾਹੀਦਾ ਹੈ।

ਇਮੀਗ੍ਰੇਸ਼ਨ ਸਲਾਹਕਾਰਾਂ ਅਤੇ ਅੰਤਰਰਾਸ਼ਟਰੀ ਵਦਿਿਆਰਥੀ ਸਲਾਹਕਾਰਾਂ ਦੇ ਕੰਮਾਂ ਨੂੰ ਨਯਿੰਤ੍ਰਤਿ ਕਰਨ ਦੀ **ਅਥਾਰਟੀ ਇਸ ਕਾਲਜ ਨੂੰ ਕੈਨੇਡਾ ਦੀ ਸਰਕਾਰ ਦੁਆਰਾ ਨਰਿਧਾਰਤ ਕੀਤੀ ਗਈ ਹੈ।** ਇਸਦੀ ਭੂਮਕਿਾ, ਅਥਾਰਟੀ ਅਤੇ ਤਾਕਤਾਂ ਕਾਲਜ ਆਫ਼ ਇਮੀਗ੍ਰੇਸ਼ਨ ਅਤੇ ਸਟਿੀਜ਼ਨਸ਼ਪਿ ਸਲਾਹਕਾਰ (ਕੈਨੇਡਾ) ਵੱਿਚ ਸਥਾਪਤਿ ਕੀਤੀਆਂ ਗਈਆਂ ਹਨ।

ਇਮੀਗ੍ਰੇਸ਼ਨ ਸਲਾਹਕਾਰ ਉਹ ਪੇਸ਼ੇਵਰ ਹੁੰਦੇ ਹਨ ਜੋ ਕਾਲਜ ਦੁਆਰਾ **ਜਨਤਕ ਹੱਿਤ** ਵੱਿਚ ਨਰਿਧਾਰਤ ਵਦਿਿਅਕ, ਪੇਸ਼ੇਵਰ ਅਤੇ ਨੈਤਕਿ ਮਆਿਰਾਂ ਨੂੰ ਪੂਰਾ ਕਰਦੇ ਹਨ।

ਇਹ ਗਾਈਡ ਤੁਹਾਨੂੰ ਆਪਣੇ ਇਮੀਗ੍ਰੇਸ਼ਨ ਸਲਾਹਕਾਰ ਦੀਆਂ ਸੇਵਾਵਾਂ ਸਵੀਕਾਰ ਕਰਨ ਤੋਂ ਪਹਲਿਾਂ ਉਸਨੂੰ ਪੁੱਛੇ ਜਾਣ ਵਾਲੇ ਕੁਝ ਸਵਾਲਾਂ ਦੀ ਸੂਚੀ ਪ੍ਰਦਾਨ ਕਰਦੀ ਹੈ। ਇਹ ਸਵਾਲ ਸਰਿਫ਼ ਇੱਕ ਗਾਈਡ ਦੇ ਤੌਰ 'ਤੇ ਤਆਿਰ ਕੀਤੇ ਗਏ ਹਨ।



**ਪਬਲਕਿ ਰਜਸਿਟਰ**

ਕਸਿੇ ਵੀ ਇਕਰਾਰਨਾਮੇ 'ਤੇ ਦਸਤਖਤ ਕਰਨ ਤੋਂ ਪਹਲਿਾਂ ਇਹ ਪੁਸ਼ਟੀ ਕਰੋ ਕ ਿਤੁਹਾਡਾ ਇਮੀਗ੍ਰੇਸ਼ਨ ਸਲਾਹਕਾਰ ਕਾਲਜ ਔਨਲਾਈਨ **ਪਬਲਕਿ ਰਜਸਿਟਰ** 'ਤੇ ਸੂਚੀਬੱਧ ਹੈ।



## ਨਿਸ਼ਾਨੀਆਂ

ਕਾਲਜ ਦੁਆਰਾ ਲਾਇਸੰਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ ਇੱਕ ਟ੍ਰੇਡ-ਮਾਰਕ ਨਿਸ਼ਾਨ ਦੀ ਵਰਤੋਂ ਕਰਦੇ ਹਨ ਜੋ ਇਸ ਗੱਲ ਦੀ ਗਰੰਟੀ ਦਿੰਦਾ ਹੈ ਕਿ ਉਹ ਕੰਮ ਕਰਨ ਲਈ ਅਧਿਕਾਰਤ ਹਨ। ਇਹ ਨਿਸ਼ਾਨ ਤੁਹਾਡੇ ਇਮੀਗ੍ਰੇਸ਼ਨ ਸਲਾਹਕਾਰ ਦੀ ਲੈਟਰਹੈੱਡ, ਕਾਰੋਬਾਰੀ ਕਾਰਡ, ਈ-ਮੇਲ ਸਗਿਨੇਚਰ ਬਲਾਕ, ਵੈੱਬਸਾਈਟ, ਸੋਸ਼ਲ ਮੀਡੀਆ, ਅਤੇ ਪੇਸ਼ਕਾਰੀਆਂ, ਪ੍ਰਕਾਸ਼ਨਾਂ ਜਾਂ ਇਸ਼ਤਹਿਾਰਾਂ ਵਿੱਚ ਦਖਿਾਈ ਦੇ ਸਕਦਾ ਹੈ।

ਜਿੱਥੇ ਕੋਈ ਮਾਣਯੋਗ ਇਮੀਗ੍ਰੇਸ਼ਨ ਸਲਾਹਕਾਰ (RCIC) ਕਸਿ ਵੈਬਸਾਈਟ 'ਤੇ RCIC ਨਿਸ਼ਾਨ ਦੀ ਵਰਤੋਂ ਕਰਦਾ ਹੈ, ਤਾਂ ਇਮੀਗ੍ਰੇਸ਼ਨ ਸਲਾਹਕਾਰ ਦਾ ਨਾਮ RCIC ਨਿਸ਼ਾਨ ਦੇ ਬਲਿਕੁਲ ਨਾਲ ਸਥਤਿ ਹੋਣਾ ਚਾਹੀਦਾ ਹੈ। ਨਾਲ ਹੀ, ਇਮੀਗ੍ਰੇਸ਼ਨ ਸਲਾਹਕਾਰ ਦਾ ਨਾਮ ਸਾਡੇ ਜਨਤਕ ਰਜਸਿਟਰ 'ਤੇ ਪ੍ਰਦਰਸ਼ਤਿ ਕੀਤੇ ਗਏ ਨਾਮ ਦੇ ਸਮਾਨ ਹੋਣਾ ਚਾਹੀਦਾ ਹੈ, ਅਤੇ ਵੈਬਪੇਜ ਵਿੱਚ ਇਹ ਸ਼ਬਦ ਸ਼ਾਮਲ ਹੋਣੇ ਚਾਹੀਦੇ ਹਨ "ਵੈਰਈਫ਼ੀ ਸਟੇਟਸ ਵਿੱਦ ਦ ਕਾਲਜ ਔਫ ਇਮੀਗ੍ਰੇਸ਼ਨ ਐਂਡ ਸਟਿੀਜ਼ਨਸ਼ਪਿ ਕੰਸਲਟੰਟਸ।"

ਤੁਹਾਡੇ ਇਮੀਗ੍ਰੇਸ਼ਨ ਸਲਾਹਕਾਰ ਦਾ ਨਿਸ਼ਾਨ ਹੇਠਾਂ ਦਿੱਤੇ ਨਿਸ਼ਾਨ ਵਿੱਚੋਂ ਇੱਕ ਵਰਗਾ ਹੋਣਾ ਚਾਹੀਦਾ ਹੈ:

## ਤੁਸੀਂ ਕੀ ਕੰਮ ਕਰੋਗੇ?

ਤੁਹਾਡਾ ਇਮੀਗ੍ਰੇਸ਼ਨ ਸਲਾਹਕਾਰ ਤੁਹਾਨੂੰ ਇੱਕ ਸਰਵਿਸ ਅਗਰੀਮੈਂਟ ਜਾਂ ਕੰਟਰੈਕਟ ਦੇਵੇਗਾ ਜਿਸ ਵਿੱਚ ਹੇਠਾਂ ਦੱਤੀਆਂ ਗੱਲਾਂ ਸ਼ਾਮਲ ਹੋਣਗੀਆਂ:

- ਤੁਸੀਂ ਕਹਿੜੀਆਂ ਸੇਵਾਵਾਂ ਲਈ ਭੁਗਤਾਨ ਕਰੋਗੇ
- ਤੁਸੀਂ ਕੰਿਨਾ ਭੁਗਤਾਨ ਕਰੋਗੇ, ਅਤੇ ਕੀ ਤੁਹਾਨੂੰ ਅਡਵਾਂਸ ਵਿੱਚ ਭੁਗਤਾਨ ਕਰਨਾ ਪਵੇਗਾ
- ਜੇਕਰ ਤੁਹਾਨੂੰ ਕੋਈ ਰਕਮ ਜਮ੍ਹਾਂ ਕਰਵਾਉਣੀ ਪੈਣੀ ਹੈ ਤਾਂ ਕੀ ਫੀਸ ਦਾ ਕੋਈ ਹਸਿਸਾ ਵਾਪਸੀਯੋਗ ਹੋਵੇਗਾ
- ਪ੍ਰਦਾਨ ਕੀਤੀਆਂ ਜਾਣ ਵਾਲੀਆਂ ਕੋਈ ਵੀ ਹੋਰ ਸੇਵਾਵਾਂ ਜਾਂ ਪੇਸ਼ੇਵਰਾਂ ਦੀ ਲਾਗਤ ਜਨਿ੍ਹਾਂ ਦੀਆਂ ਸੇਵਾਵਾਂ ਲੈਣ ਦੀ ਲੋੜ ਹੈ (ਉਦਾਹਰਨ ਲਈ, ਵਕੀਲ ਜਾਂ ਅਨੁਵਾਦਕ)

ਜੇਕਰ ਸਰਵਿਸ ਅਗਰੀਮੈਂਟ ਵਿੱਚ ਕੁਝ ਵੀ ਅਸਪਸ਼ਟ ਹੈ, ਤਾਂ ਲਿਖਿਤੀ ਰੂਪ ਵਿੱਚ ਹੋਰ ਸਪੱਸ਼ਟੀਕਰਨ ਮੰਗੋ। ਤੁਹਾਨੂੰ ਹਰ ਉਸ ਸੇਵਾ ਨੂੰ ਸਮਝਣਾ ਚਾਹੀਦਾ ਹੈ ਜਿਸ ਲਈ ਤੁਸੀਂ ਭੁਗਤਾਨ ਕਰ ਰਹੇ ਹੋ। ਤੁਹਾਡੇ ਸਰਵਿਸ ਅਗਰੀਮੈਂਟ 'ਤੇ ਦਸਤਖਤ ਕਰਨ ਤੋਂ ਬਾਅਦ ਤੁਹਾਨੂੰ ਕੋਈ ਹਡਿਨ ਫੀਸ ਜਾਂ ਵਾਧੂ ਖਰਚੇ ਨਹੀਂ ਦੇਣੇ ਚਾਹੀਦੇ।



## ਤੁਸੀ ਕਿੰਨੇ ਤਜਰਬੇਕਾਰ ਹੋ?

ਜੇਕਰ ਤੁਸੀ ਪੁੱਛੋ ਤਾਂ ਤੁਹਾਡੇ ਇਮੀਗ੍ਰੇਸ਼ਨ ਸਲਾਹਕਾਰ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ:

- ਉਨ੍ਹਾਂ ਨੂੰ ਕਦੋਂ ਤੋਂ ਲਾਇਸੈਂਸ ਮਿਲਿਆ ਹੋਇਆ ਹੈ
- ਉਹਨਾਂ ਕੋਲ ਇਮੀਗ੍ਰੇਸ਼ਨ ਨਾਲ ਸਬੰਧਤ ਹੋਰ ਕਹਿੜਾ ਤਜਰਬਾ ਹੈ
- ਉਹ ਕਹਿੜੇ ਖੇਤਰਾਂ ਵਿੱਚ ਮਾਹਰ ਹਨ
- ਉਹਨਾਂ ਨੇ ਕਿਸ ਕਿਸਮ ਦੇ ਗਾਹਕਾਂ ਨੂੰ ਸੇਵਾ ਪ੍ਰਦਾਨ ਕੀਤੀ ਹੈ

ਜੇਕਰ ਉਹਨਾਂ ਨੂੰ ਤੁਹਾਡੇ ਕੇਸ ਵਰਗੇ ਕੇਸਾਂ ਦਾ ਤਜਰਬਾ ਹੈ, ਤਾਂ ਉਹ ਤੁਹਾਨੂੰ ਇਹ ਗੱਲਾਂ ਵੀ ਦੱਸ ਸਕਦੇ ਹਨ:

- ਪ੍ਰਕਿਰਿਆ ਵਿੱਚ ਕਿੰਨਾ ਸਮਾਂ ਲੱਗ ਸਕਦਾ ਹੈ
- ਅਰਜ਼ੀ ਦੀ ਪ੍ਰਕਿਰਿਆ ਵਿੱਚ ਤੁਹਾਨੂੰ ਕਹਿੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ
- ਇਸ ਪ੍ਰਕਿਰਿਆ ਤੋਂ ਤੁਸੀ ਕਹਿੜੇ ਨਤੀਜਿਆਂ ਦੀ ਉਮੀਦ ਕਰ ਸਕਦੇ ਹੋ



## ਜੇਕਰ ਅਤੀਤ ਵਿੱਚ ਮੇਰੀ ਅਰਜ਼ੀ ਨਕਾਰੀ ਗਈ ਹੈ ਤਾਂ ਕੀ ਤੁਸੀ ਫਿਰ ਵੀ ਮੇਰੀ ਮਦਦ ਕਰ ਸਕਦੇ ਹੋ?

ਜੇਕਰ ਕਦੇ ਤੁਹਾਡੀ ਕੋਈ ਵੀ ਇਮੀਗ੍ਰੇਸ਼ਨ ਅਰਜ਼ੀ ਨਕਾਰੀ ਗਈ ਹੈ ਅਤੇ ਕਿਸ ਕਾਰਨ ਜਾਂ ਕਾਰਨਾਂ ਕਰਕੇ ਨਕਾਰੀ ਗਈ ਹੈ ਤਾਂ ਆਪਣੇ ਇਮੀਗ੍ਰੇਸ਼ਨ ਸਲਾਹਕਾਰ ਨੂੰ ਜ਼ਰੂਰ ਦੱਸੋ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਨੂੰ ਸੰਭਵ ਸਰਵਉੱਤਮ ਸੇਵਾ ਮਿਲ ਰਹੀ ਹੈ।

ਇਮੀਗ੍ਰੇਸ਼ਨ ਸਲਾਹਕਾਰ ਤੁਹਾਡੀ ਅਰਜ਼ੀ ਜਮ੍ਹਾਂ ਕਰਾਉਣ ਲਈ ਤੁਹਾਨੂੰ ਨਵੀ ਰਣਨੀਤੀਆਂ ਦੇ ਸਕਦਾ ਹੈ। ਉਹ ਤੁਹਾਨੂੰ ਇਹ ਵੀ ਦੱਸ ਸਕਣਗੇ ਕਿ ਤੁਹਾਡੀ ਅਰਜ਼ੀ ਦੇ ਨਕਾਰੇ ਜਾਣ ਦਾ ਇਤਿਹਾਸ ਤੁਹਾਡੀ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ।





## ਕੀ ਤੁਸੀ ਨੌਕਰੀ ਲੱਭਣ ਵੱਚਿ ਵੀ ਮੇਰੀ ਮਦਦ ਕਰ ਸਕਦੇ ਹੋ?

ਭਾਵੇਂ ਕੈਨੇਡਾ ਵੱਚਿ ਆਵਾਸ ਕਰਨਾ ਅਤੇ ਨੌਕਰੀ ਲੱਭਣਾ ਦੋਵੇਂ ਚੀਜ਼ਾਂ ਅਕਸਰ ਆਪਸ ਵੱਚਿ ਜੁੜੀਆਂ ਹੁੰਦੀਆਂ ਹਨ, ਫੇਰ ਵੀ ਤੁਹਾਨੂੰ ਹਰੇਕ ਪ੍ਰਕਰਿਆਿ ਲਈ ਵੱਖ-ਵੱਖ ਪ੍ਰਤੀਨਧਿੀਆਂ ਦੀ ਲੋੜ ਪੈ ਸਕਦੀ ਹੈ।

ਉਦਾਹਰਨ ਵਜੋਂ, ਤੁਹਾਨੂੰ ਇੱਕ ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਅਤੇ ਇੱਕ ਲਾਇਸੰਸਸ਼ੁਦਾ ਭਰਤੀ ਕਰਨ ਵਾਲੇ ਦੋਵਾਂ ਨਾਲ ਕੰਮ ਕਰਨਾ ਪੈ ਸਕਦਾ ਹੈ।

"ਇੱਕ ਫ਼ੀਸ ਦੇ ਭੁਗਤਾਨ ਤੇ ਅਸੀਂ ਤੁਹਾਡੇ ਲਈ ਨੌਕਰੀ ਲੱਭਾਂਗੇ ਅਤੇ ਤੁਹਾਡੇ ਇਮੀਗ੍ਰੇਸ਼ਨ ਕਾਗਜ਼ ਉਪਲਬਧ ਕਰਾਵਾਂਗੇ." ਵਰਗੇ ਵਾਅਦਆਿਂ ਤੋਂ ਸਾਵਧਾਨ ਰਹੋ। ਕੋਈ ਵੀ ਤੁਹਾਡੇ ਤੋਂ ਨੌਕਰੀ ਲੱਭਣ ਲਈ ਕੋਈ ਫੀਸ ਨਹੀਂ ਲੈ ਸਕਦਾ - ਨਾ ਹੀ ਕੋਈ ਰੁਜ਼ਗਾਰਦਾਤਾ, ਨਾ ਹੀ ਭਰਤੀ ਕਰਨ ਵਾਲਾ ਅਤੇ ਨਾ ਹੀ ਇਮੀਗ੍ਰੇਸ਼ਨ ਸਲਾਹਕਾਰ।

ਨੋਟ: ਤੁਹਾਡੇ ਭਵੱਖਿ ਦੇ ਮਾਲਕ ਨੂੰ ਇੱਕ **ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ (LMIA)** ਅਰਜ਼ੀ ਜਮ੍ਹਾਂ ਕਰਾਉਣੀ ਪੈ ਸਕਦੀ ਹੈ। ਜੇਕਰ ਅਜਹਿਾ ਹੈ, ਤਾਂ ਤੁਹਾਡਾ ਇਮੀਗ੍ਰੇਸ਼ਨ ਸਲਾਹਕਾਰ ਤੁਹਾਡੀ ਵਰਕ ਪਰਮਟਿ ਅਰਜ਼ੀ ਦੇ ਨਾਲ ਮਨਜ਼ੂਰਸ਼ੁਦਾ LMIA ਜਮ੍ਹਾ ਕਰੇਗਾ (ਯੋਗਤਾ ਦੇ ਆਧਾਰ 'ਤੇ, ਕੁਝ ਵਦਿੇਸ਼ੀ ਨਾਗਰਕਿਾਂ ਨੂੰ LMIA ਜਾਂ ਵਰਕ ਪਰਮਟਿ ਤੋਂ ਛੋਟ ਦੱਿਤੀ ਜਾ ਸਕਦੀ ਹੈ)।

## ਮੇਰੀ ਅਰਜ਼ੀ ਵੱਚਿ ਕੌਣ ਮਦਦ ਕਰੇਗਾ?

ਤੁਹਾਡੇ ਇਮੀਗ੍ਰੇਸ਼ਨ ਸਲਾਹਕਾਰ ਤੋਂ ਇਲਾਵਾ, ਕਈ ਹੋਰ ਲੋਕ ਤੁਹਾਡੀ ਫਾਈਲ 'ਤੇ ਕੰਮ ਕਰ ਸਕਦੇ ਹਨ।

ਤੁਹਾਨੂੰ ਆਪਣੇ ਮੁੱਢਲੇ ਸੰਪਰਕ ਅਤੇ ਕਸਿ ਵੀ ਹੋਰ ਵਅਿਕਤੀਆਂ ਦੇ ਨਾਮ ਪਤਾ ਹੋਣੇ ਚਾਹੀਦੇ ਹਨ ਜੋ ਤੁਹਾਡੀ ਫਾਈਲ 'ਤੇ ਕੰਮ ਕਰਨਗੇ, ਜਸਿ ਵੱਚਿ ਸਟਾਫ ਮੈਂਬਰ, ਏਜੰਟ, ਅਤੇ ਹੋਰ ਇਮੀਗ੍ਰੇਸ਼ਨ ਸਲਾਹਕਾਰ ਜਾਂ ਵਕੀਲ ਸ਼ਾਮਲ ਹਨ।

ਆਪਣੇ ਮੁੱਢਲੇ ਸੰਪਰਕ ਨੂੰ ਹਰ ਕਸਿ ਦੀਆਂ ਭੂਮਕਿਾਵਾਂ ਅਤੇ ਜ਼ੰਮਿੇਵਾਰੀਆਂ ਬਾਰੇ ਪੁੱਛੋ।



## ਤੁਸੀ ਆਪਣੀਆਂ ਫੀਸਾਂ ਕਵਿੇਂ ਨਰਿਧਾਰਤ ਕਰਦੇ ਹੋ?

ਇੱਕ ਇਮੀਗ੍ਰੇਸ਼ਨ ਸਲਾਹਕਾਰ ਆਪਣੀ ਫੀਸ ਹੇਠ ਲਖਿੇ ਅਨੁਸਾਰ ਨਰਿਧਾਰਤ ਕਰ ਸਕਦਾ ਹੈ:

- ਆਪਣੇ ਤਜਰਬੇ ਦੇ ਸਾਲਾਂ ਅਨੁਸਾਰ
- ਤੁਹਾਡੀ ਫਾਈਲ ਉੱਤੇ ਕੰਮ ਕਰਨ ਲਈ ਲੱਗਣ ਵਾਲੇ ਘੰਟਆਿਂ ਅਨੁਸਾਰ
- ਤੁਹਾਡੀ ਸਥਤਿੀ ਦੀ ਗੁੰਝਲਤਾ ਅਨੁਸਾਰ
- ਤੁਹਾਡੇ ਕੇਸ 'ਤੇ ਕੰਮ ਕਰਨ ਲਈ ਲੱਗਣ ਵਾਲੇ ਹੋਰ ਪੇਸ਼ੇਵਰਾਂ ਦੀ ਗਣਿਤੀ ਅਨੁਸਾਰ

ਇਮੀਗ੍ਰੇਸ਼ਨ ਸਲਾਹਕਾਰ ਆਪਣੀਆਂ ਫੀਸਾਂ ਨਰਿਧਾਰਤ ਕਰਨ ਲਈ ਸੁਤੰਤਰ ਹਨ। ਦ ਕਾਲਜ ਇਹ ਨਯਿੰਤ੍ਰਤਿ ਨਹੀਂ ਕਰਦਾ ਕ ਿਉਹ ਆਪਣੀਆਂ ਸੇਵਾਵਾਂ ਲਈ ਕੰਿਨੀ ਫੀਸ ਲੈਂਦੇ ਹਨ। ਹਾਲਾਂਕ,ਿ ਤੁਸੀਂ ਇਮੀਗ੍ਰੇਸ਼ਨ ਸਲਾਹਕਾਰਾਂ ਦੀਆਂ ਜਹਿੜੀਆਂ ਸੇਵਾਵਾਂ ਲੈ ਰਹੇ ਹੋ, ਇਮੀਗ੍ਰੇਸ਼ਨ ਸਲਾਹਕਾਰਾਂ ਨੂੰ ਉਨ੍ਹਾਂ ਖਾਸ ਸੇਵਾਵਾਂ ਲਈ ਨਰਿਪੱਖ ਅਤੇ ਵਾਜਬ ਫੀਸਾਂ ਨਰਿਧਾਰਤ ਕਰਨੀਆਂ ਚਾਹੀਦੀਆਂ ਹਨ।

ਅੰਤਰਰਾਸ਼ਟਰੀ ਵਦਿਿਆਰਥੀ ਸਲਾਹਕਾਰ ਵਦਿਿਆਰਥੀਆਂ ਤੋਂ ਸੱਿਧੇ ਤੌਰ 'ਤੇ ਫੀਸ ਨਹੀਂ ਲੈਂਦੇ। ਉਹ ਖ਼ਾਸ ਮਨੋਨੀਤ ਸਖਿਲਾਈ ਸੰਸਥਾਵਾਂ (DLIs) ਦੇ ਤਨਖਾਹ ਪ੍ਰਾਪਤ ਕਰਨ ਵਾਲੇ ਕਰਮਚਾਰੀ ਹਨ।





## ਕੀ ਮੈਂ ਤੁਹਾਨੂੰ ਘੰਟੇ ਦੇ ਹਸਿਾਬ ਨਾਲ਼ ਭੁਗਤਾਨ ਕਰ ਸਕਦਾ/ ਸਕਦੀ ਹਾਂ?

ਤੁਹਾਡਾ ਇਮੀਗ੍ਰੇਸ਼ਨ ਸਲਾਹਕਾਰ ਪ੍ਰਤੀ ਘੰਟੇ ਰੇਟ ਦੀ ਪੇਸ਼ਕਸ਼ ਕਰ ਵੀ ਸਕਦਾ ਹੈ ਅਤੇ ਨਹੀਂ ਵੀ। ਜੇਕਰ ਉਹ ਅਜਹਿਾ ਕਰਦੇ ਹਨ, ਤਾਂ ਉਹਨਾਂ ਨੂੰ ਤੁਹਾਡੇ ਸਰਵਸਿ ਅਗਰੀਮੈਂਟ ਵੱਿਚ ਪ੍ਰਤੀ ਘੰਟਾ ਰੇਟ ਜਰੂਰ ਸ਼ਾਮਲ ਕਰਨਾ ਚਾਹੀਦਾ ਹੈ। ਉਹਨਾਂ ਨੂੰ ਤੁਹਾਨੂੰ ਤੁਹਾਡੇ ਕੇਸ 'ਤੇ ਕੰਮ ਕਰਨ ਉੱਤੇ ਲੱਗਣ ਵਾਲੇ ਘੰਟਆਿਂ ਦੀ ਗਣਿਤੀ ਦਾ ਅੰਦਾਜ਼ਾ ਵੀ ਦੇਣਾ ਚਾਹੀਦਾ ਹੈ, ਜਸਿ ਵੱਿਚ ਅਰਜ਼ੀ ਦੀ ਤਆਿਰੀ, ਅਰਜ਼ੀ ਜਮ੍ਹਾਂ ਕਰਨੀ, ਨਗਿਰਾਨੀ ਅਤੇ ਆਨ-ਗੋਇੰਗ ਕਮਿਊਨੀਕੇਸ਼ਨ ਸ਼ਾਮਲ ਹਨ।







## ਕੀ ਮੈਨੂੰ ਸਾਰੀਆਂ ਅਰਜ਼ੀਆਂ ਲਈ ਅਡਵਾਂਸ ਵਿੱਚ ਭੁਗਤਾਨ ਕਰਨਾ ਪਵੇਗਾ?

ਤੁਹਾਡਾ ਇਮੀਗ੍ਰੇਸ਼ਨ ਸਲਾਹਕਾਰ ਤੁਹਾਨੂੰ ਹੇਠ ਲਿਖੀਆਂ ਦੀ ਸੂਚੀ ਦੇਵੇਗਾ:

- ਤੁਹਾਡੇ ਵੱਲੋਂ ਦਿੱਤੀ ਜਾਣ ਵਾਲੀ ਹਰੇਕ ਅਰਜ਼ੀ
- ਹਰੇਕ ਅਰਜ਼ੀ ਦੀ ਲਾਗਤ
- ਭੁਗਤਾਨ ਜੋ ਤੁਹਾਨੂੰ ਹਰ ਪੜਾਅ 'ਤੇ ਕਰਨੇ ਪੈਣਗੇ।

ਤੁਹਾਨੂੰ ਅਜਿਹੀ ਅਰਜ਼ੀ ਲਈ ਅਡਵਾਂਸ ਭੁਗਤਾਨ ਕਰਨ ਦੀ ਲੋੜ ਨਹੀਂ ਹੈ ਜੋ ਕਿਸੇ ਹੋਰ ਅਰਜ਼ੀ ਦੀ ਸਫਲਤਾ 'ਤੇ ਨਿਰਭਰ ਕਰਦੀ ਹੈ।

ਜੇਕਰ ਤੁਸੀਂ ਆਪਣੇ ਇਮੀਗ੍ਰੇਸ਼ਨ ਸਲਾਹਕਾਰ ਨੂੰ ਮਹੀਨਾਵਾਰ ਭੁਗਤਾਨ ਪਲਾਨ 'ਤੇ ਭੁਗਤਾਨ ਕਰਦੇ ਹੋ, ਤਾਂ ਯਕੀਨੀ ਬਣਾਓ ਕਿ ਤੁਸੀਂ ਭੁਗਤਾਨ ਦੇ ਸਮੇਂ ਸਿਰਫ ਸੇਵਾ ਦੀਆਂ ਫੀਸਾਂ ਦਾ ਭੁਗਤਾਨ ਕਰ ਰਹੇ ਹੋ।



## ਜੇਕਰ ਮੈਂ ਆਪਣਾ ਕੰਟਰੈਕਟ ਰੱਦ ਕਰਦਾ ਹਾਂ ਤਾਂ ਕੀ ਤੁਸੀਂ ਮੇਰੇ ਪੈਸੇ ਵਾਪਸ ਕਰੋਗੇ?

ਤੁਹਾਡੇ ਪੈਸੇ ਵਾਪਸ ਹੋਣ ਦੀ ਜਾਣਕਾਰੀ ਉਸ ਸਰਵਿਸ ਅਗਰੀਮੈਂਟ ਵਿੱਚ ਹੁੰਦੀ ਹੈ ਜਿਸ ਉੱਤੇ ਤੁਸੀਂ ਆਪਣੇ ਇਮੀਗ੍ਰੇਸ਼ਨ ਸਲਾਹਕਾਰ ਨਾਲ ਦਸਤਖਤ ਕਰਦੇ ਹੋ।

ਆਮ ਤੌਰ 'ਤੇ:

- ਜੇਕਰ ਤੁਹਾਡੀ ਅਰਜ਼ੀ ਜਮ੍ਹਾਂ ਕਰ ਦਿੱਤੀ ਗਈ ਹੈ ਅਤੇ ਤੁਸੀਂ ਫੈਸਲੇ ਦੀ ਉਡੀਕ ਕਰ ਰਹੇ ਹੋ, ਤਾਂ ਤੁਹਾਡੇ ਲਈ ਪੈਸੇ ਵਾਪਸੀ ਦੀ ਉਮੀਦ ਕਰਨਾ ਵਾਜਬ ਨਹੀਂ ਹੋਵੇਗਾ।
- ਜੇਕਰ ਤੁਹਾਡੀ ਅਰਜ਼ੀ ਜਮ੍ਹਾਂ ਨਹੀਂ ਕੀਤੀ ਗਈ, ਤਾਂ ਤੁਹਾਡੇ ਇਮੀਗ੍ਰੇਸ਼ਨ ਸਲਾਹਕਾਰ ਨੇ ਅਜੇ ਤੱਕ ਜੋ ਕੰਮ ਨਹੀਂ ਕੀਤੇ ਉਨ੍ਹਾਂ ਲਈ ਅੰਸ਼ਕ ਰਿਫੰਡ ਦੀ ਮੰਗ ਕਰਨਾ ਉਚਿਤ ਹੋ ਸਕਦਾ ਹੈ।

ਜੇਕਰ ਤੁਸੀਂ ਕਿਸੇ ਇਮੀਗ੍ਰੇਸ਼ਨ ਸਲਾਹਕਾਰ ਨਾਲ ਕੰਮ ਕਰਨਾ ਬੰਦ ਕਰ ਦਿੰਦੇ ਹੋ, ਤਾਂ ਉਹਨਾਂ ਨੂੰ ਤੁਹਾਡੇ ਅਸਲ ਦਸਤਾਵੇਜ਼ ਵਾਪਸ ਕਰਨੇ ਪੈਣਗੇ। ਉਹਨਾਂ ਨੂੰ ਤੁਹਾਨੂੰ ਉਹ ਸਾਰੀ ਜਾਣਕਾਰੀ ਵੀ ਦੇਣੀ ਪਵੇਗੀ ਜਿਸਦੀ ਤੁਹਾਨੂੰ ਆਪਣੀ ਅਰਜ਼ੀ ਜਾਰੀ ਰੱਖਣ ਲਈ ਲੋੜ ਹੈ।

ਜੇਕਰ ਤੁਸੀਂ ਇੱਕ ਨਵੇਂ ਇਮੀਗ੍ਰੇਸ਼ਨ ਸਲਾਹਕਾਰ ਦੀਆਂ ਸੇਵਾਵਾਂ ਲੈਣੀਆਂ ਸ਼ੁਰੂ ਕਰਦੇ ਹੋ, ਤਾਂ ਇੱਕ ਹੋਰ IMM 5476 ਪ੍ਰਤੀਨਿਧੀ ਫਾਰਮ ਦੀ ਵਰਤੋਂ 'ਤੇ ਦਸਤਖਤ ਕਰੋ। ਫਿਰ ਆਪਣੇ ਨਵੇਂ ਪ੍ਰਤੀਨਿਧੀ ਨੂੰ ਆਪਣੀ ਇਮੀਗ੍ਰੇਸ਼ਨ ਅਰਜ਼ੀ ਤੱਕ ਪਹੁੰਚ ਕਰਨ ਲਈ ਆਪਣੇ ਦਸਤਾਵੇਜ਼ਾਂ ਅਤੇ ਵੇਰਵਿਆਂ ਲਈ ਬੇਨਤੀ ਕਰੋ।

## ਜਸਿ ਰੁਜ਼ਗਾਰਦਾਤਾ ਜਾਂ ਸਕੂਲਾਂ ਨਾਲ਼ ਤੁਸੀ ਕੰਮ ਕਰਦੇ ਹੋ ਕੀ ਤੁਹਾਨੂੰ ਉਨ੍ਹਾਂ ਤੋਂ ਕੋਈ ਕਮਸ਼ਿਨ ਮਲਿਦਾ ਹੈ?

ਇਮੀਗ੍ਰੇਸ਼ਨ ਸਲਾਹਕਾਰ ਅਤੇ ਅੰਤਰਰਾਸ਼ਟਰੀ ਵਦਿਆਿਰਥੀ ਸਲਾਹਕਾਰ ਨੂੰ ਇੱਕ ਪੇਸ਼ੇਵਰ ਆਚਾਰ ਸੰਹਤਿਾ ਦੀ ਪਾਲਣਾ ਕਰਨੀ ਚਾਹੀਦੀ ਹੈ ਜਸਿ ਲਈ ਜ਼ਰੂਰੀ ਹੈ ਕ ਿਉਹ ਤੁਹਾਨੂੰ ਦੱਸਣ:

- ਜੇਕਰ ਉਹ ਤੁਹਾਡੀ ਇਮੀਗ੍ਰੇਸ਼ਨ ਅਰਜ਼ੀ 'ਤੇ ਕੰਮ ਕਰਨ ਲਈ ਕਸਿੇ ਹੋਰ ਤੋਂ ਪੈਸੇ ਜਾਂ ਲਾਭ ਪ੍ਰਾਪਤ ਕਰ ਰਹੇ ਹਨ
- ਜੇਕਰ ਉਹਨਾਂ ਦੇ ਵਪਾਰਕ ਹੱਤਿ ਤੁਹਾਡੇ ਹੱਤਿਾਂ ਨਾਲ ਟਕਰਾ ਜਾਂਦੇ ਹਨ

ਦੂਜੇ ਸ਼ਬਦਾਂ ਵੱਿਚ, ਜੇ ਉਹ ਤੁਹਾਨੂੰ ਨੌਕਰੀ ਜਾਂ ਕਸਿੇ ਸਟੱਡੀ ਪ੍ਰੋਗਰਾਮ ਦਵਾਉਣ ਦੇ ਬਦਲੇ ਇੱਕ ਰੁਜ਼ਗਾਰਦਾਤਾ ਜਾਂ ਸਕੂਲ ਤੋਂ ਕਮਸ਼ਿਨ ਪ੍ਰਾਪਤ ਕਰਦੇ ਹਨ, ਤਾਂ ਉਹਨਾਂ ਨੂੰ ਤੁਹਾਡੇ ਦੁਆਰਾ ਉਨ੍ਹਾਂ ਦੀਆਂ ਸੇਵਾਵਾਂ ਲੈਣ ਤੋਂ ਪਹਲਿਾਂ ਤੁਹਾਨੂੰ ਜ਼ਰੂਰ ਦੱਸਣਾ ਚਾਹੀਦਾ ਹੈ।



## ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਨਾਲ ਕੰਮ ਕਰਨ ਲਈ ਸੁਝਾਅ

- ਸਾਡੇ **ਪਬਲਕਿ ਰਜਸਿਟਰ** 'ਤੇ ਆਪਣੇ ਇਮੀਗ੍ਰੇਸ਼ਨ ਸਲਾਹਕਾਰ ਦੇ ਸਟੇਟਸ ਦੀ ਪੁਸ਼ਟੀ ਕਰੋ। ਯਕੀਨੀ ਬਣਾਓ ਕ ਿਉਹ ਰੈਗੂਲੇਟਡ ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ (RCIC) ਜਾਂ ਰੈਗੂਲੇਟਡ ਇੰਟਰਨੈਸ਼ਨਲ ਸਟੂਡੈਂਟ ਇਮੀਗ੍ਰੇਸ਼ਨ ਸਲਾਹਕਾਰ (RISIA) ਉੱਤੇ "ਐਕਟਵਿ" ਵਜੋਂ ਸੂਚੀਬੱਧ ਹਨ। ਜੇਕਰ ਤੁਹਾਡੇ ਇਮੀਗ੍ਰੇਸ਼ਨ ਸਲਾਹਕਾਰ ਦਾ ਸਟੇਟਸ "ਰੱਦ" ਜਾਂ "ਮੁਅੱਤਲ" ਹੈ, ਤਾਂ ਉਹ ਵਰਤਮਾਨ ਵੱਿਚ ਕੰਮ ਕਰਨ ਲਈ ਅਧਕਿਾਰਤ ਨਹੀਂ ਹੈ।
- ਸਾਡੇ **ਅਨੁਸ਼ਾਸਨੀ ਕਾਰਵਾਈਆਂ ਅਤੇ ਟ੍ਰਬਿਊਿਨਲ** ਸੈਕਸ਼ਨ ਵੱਿਚ ਅਨੁਸ਼ਾਸਨੀ ਨੋਟਸਿਾਂ ਨੂੰ ਚੈੱਕ ਕਰੋ।
- ਹਵਾਲਿਆਂ ਲਈ ਆਪਣੇ ਇਮੀਗ੍ਰੇਸ਼ਨ ਸਲਾਹਕਾਰ ਨੂੰ ਪੁੱਛੋ।
- ਇਮੀਗ੍ਰੇਸ਼ਨ ਸਲਾਹਕਾਰ ਬਾਰੇ ਸਮੀਖਿਆਵਾਂ ਪੜ੍ਹੋ।
- ਇਮੀਗ੍ਰੇਸ਼ਨ ਸਲਾਹਕਾਰ ਦੀਆਂ ਫੀਸਾਂ ਦੀ ਹੋਰਾਂ ਦੀਆਂ ਫੀਸਾਂ ਨਾਲ ਤੁਲਨਾ ਕਰੋ।
- ਜਹਿੜਾ ਇਮੀਗ੍ਰੇਸ਼ਨ ਸਲਾਹਕਾਰ ਤੁਹਾਡੀ ਅਰਜ਼ੀ ਉੱਤੇ ਕੰਮ ਕਰੇਗਾ ਉਸ ਨਾਲ ਸੱਧਿਾ ਸੰਪਰਕ ਕਰੋ। ਹਮੇਸ਼ਾ ਸਾਡੇ **ਪਬਲਕਿ ਰਜਸਿਟਰ** ਉੱਤੇ ਦੱਿਤੀ ਸੰਪਰਕ ਜਾਣਕਾਰੀ ਦੀ ਵਰਤੋਂ ਕਰੋ।
- ਜੇਕਰ ਆਪਣੀ ਨੌਕਰੀ ਜਾਂ ਸਟੱਡੀ ਪ੍ਰੋਗਰਾਮ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਕਸਿ ਰੁਜ਼ਗਾਰਦਾਤਾ ਜਾਂ ਸਕੂਲ ਨਾਲ ਸੰਪਰਕ ਕਰੋ।



